# ਭਾਰਤੀ ਡੇਅਰੀ ਖੇਤਰ ਵਿੱਚ ਨਿਵੇਸ਼ ਦੀ ਸਹੂਲਤ, ਉਤਸ਼ਾਹ ਲਈ ਗਤੀਵਰਧਕ

## ਪਸ਼ੂ ਪਾਲਣ ਬੁਨਿਆਦੀ ਢਾਂਚਾ ਵਿਕਾਸ ਫੰਡ (ਏ ਐੱਚ ਆਈ ਡੀ ਐੱਫ) ਉੱਦਮੀਆਂ, ਨਿਜੀ ਕੰਪਨੀਆਂ, ਐੱਮ ਐੱਸ ਐੱਮ ਈ, ਕਿਸਾਨ ਉਤਪਾਦਕ ਜੱਥੇਬੰਦੀਆਂ (ਐੱਫ ਪੀ ਓਜ਼) ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ

ਡੇਅਰੀ ਖੇਤਰ ਵਿੱਚ ਨਿਵੇਸ਼ ਨੂੰ ਹੁਲਾਰਾ ਦੇਣ ਅਤੇ ਸੁਵਿਧਾਜਨਕ ਬਣਾਉਣ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ (ਡੀ ਏ ਐੱਚ ਡੀ) ਨੇ ਆਪਣੇ ਨਿਵੇਸ਼ ਸੁਵਿਧਾ ਸੈੱਲ ਤਹਿਤ ਡੇਅਰੀ ਨਿਵੇਸ਼ ਐਕਸਲੇਰੇਟਰ (ਗਤੀਵਰਧਕ) ਸਥਾਪਿਤ ਕੀਤਾ ਹੈ। ਇਹ ਐਕਸਲੇਰੇਟਰ ਨਿਵੇਸ਼ਕਾਂ ਨਾਲ ਤਾਲਮੇਲ ਵਧਾਉਣ ਲਈ ਬਣਾਇਆ ਗਿਆ ਇੱਕ ਅੰਤਰ-ਕਾਰਜਸ਼ੀਲ ਸਮੂਹ ਹੈ। ਇਹ ਨਿਵੇਸ਼ ਚੱਕਰ ਵਿੱਚ ਇਸ ਤਰ੍ਹਾਂ ਸਹਾਇਤਾ ਪ੍ਰਦਾਨ ਕਰੇਗਾ:

- ਨਿਵੇਸ਼ ਮੌਕਿਆਂ ਲਈ ਸਮੀਖਿਆ ਕਰਕੇ ਵਿਸ਼ੇਸ਼ ਸਲਾਹ ਦੇਣਾ
- ਸਰਕਾਰੀ ਸਕੀਮਾਂ ਲਈ ਆਉਣ ਵਾਲੀਆਂ ਅਰਜ਼ੀਆਂ ਦੀ ਪੁੱਛਗਿੱਛ ਨਾਲ ਨਜਿੱਠਣਾ
- ਰਣਨੀਤਕ ਭਾਈਵਾਲਾਂ ਵਿੱਚ ਸੰਪਰਕ

- ਸੂਬਾ ਵਿਭਾਗਾਂ ਅਤੇ ਸਬੰਧਤ ਮਹਿਕਮਿਆਂ ਦੇ ਨਾਲ ਜ਼ਮੀਨੀ ਪੱਧਰ 'ਤੇ ਸਹਾਇਤਾ ਮੁਹੱਈਆ ਕਰਨਾ

ਇਸ ਤੋਂ ਇਲਾਵਾ, ਪਸ਼ੂ ਪਾਲਣ ਅਤੇ ਡੇਅਰੀ ਵਿਭਾਗ (ਡੀ ਏ ਐਚ ਡੀ) ਨਾਲ ਰਲ ਕੇ ਡੇਅਰੀ ਨਿਵੇਸ਼ ਐਕਸਲੇਰੇਟਰ ਵਿਸ਼ਵ-ਪੱਧਰੀ ਅਤੇ ਸਥਾਨਕ ਉਦਯੋਗਿਕ ਅਦਾਰਿਆਂ ਦੇ ਨਾਲ ਮਿਲ ਕੇ ਪ੍ਰੋਗ੍ਰਾਮਾਂ ਦਾ ਸਿਲਸਿਲਾ ਚਲਾਏਗਾ ਅਤੇ ਹਰੇਕ ਨਾਲ ਸਿੱਧਾ ਵਿਚਾਰ ਵਟਾਂਦਰਾ ਕਰਕੇ ਨਿਵੇਸ਼ਕਾਂ ਦੇ ਨਜ਼ਰੀਏ ਨੂੰ ਸਮਝੇਗਾ, ਸਰਕਾਰੀ ਅਧਿਕਾਰੀਆਂ ਨਾਲ ਸਿੱਧੀ ਗੱਲਬਾਤ ਦੀ ਸਹੂਲਤ ਦੇਵੇਗਾ ਅਤੇ ਉਦਯੋਗ ਦੇ ਹੋਰ ਨਿਵੇਸ਼ਕਾਂ ਨਾਲ ਵੀ ਸਪੰਰਕ ਕਰੇਗਾ।

ਡੇਅਰੀ ਨਿਵੇਸ਼ ਐਕਸਲੇਰੇਟਰ, ਨਿਵੇਸ਼ਕਾਂ ਵਿੱਚ ਪਸ਼ੂ ਪਾਲਣ ਬੁਨਿਆਦੀ ਢਾਂਚਾ ਵਿਕਾਸ ਫੰਡ (ਏ ਐੱਚ ਆਈ ਡੀ ਐੱਫ) ਬਾਰੇ ਜਾਗਰੂਕਤਾ ਵੀ ਪੈਦਾ ਕਰ ਰਿਹਾ ਹੈ। ਏ ਐੱਚ ਆਈ ਡੀ ਐੱਫ, ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਦੀਆਂ ਪ੍ਰਮੁੱਖ ਯੋਜਨਾਵਾਂ ਵਿੱਚੋਂ ਇੱਕ ਹੈ ਜਿਸ ਰਾਹੀਂ ਉੱਦਮੀਆਂ, ਨਿਜੀ ਕੰਪਨੀਆਂ, ਸੂਖਮ, ਛੋਟੇ ਅਤੇ ਦਰਮਿਆਨੇ ਉਦਯੋਗਾਂ (ਐੱਮ ਐੱਸ ਐੱਮ ਈ ), ਕਿਸਾਨ ਉਤਪਾਦਕ ਸੰਗਠਨਾਂ (ਐੱਫ ਪੀ ਓ) ਅਤੇ ਕੰਪਨੀ ਐਕਟ ਦੇ ਭਾਗ 8 ਦੇ ਅਧੀਨ ਸਥਾਪਿਤ ਇਕਾਈਆਂ ਨੂੰ ਵਿੱਤੀ ਸਹਾਇਤਾ ਦੇਣ ਲਈ 15,000 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ।

ਯੋਗ ਸੰਸਥਾਵਾਂ ਡੇਅਰੀ ਪ੍ਰੋਸੈਸਿੰਗ 'ਤੇ ਸਬੰਧਤ ਮੁੱਲ-ਜੋੜ ਬੁਨਿਆਦੀ ਢਾਂਚਾ, ਮੀਟ ਪ੍ਰੋਸੈਸਿੰਗ 'ਤੇ ਸਬੰਧਤ ਮੁੱਲ-ਜੋੜ ਬੁਨਿਆਦੀ ਢਾਂਚਾ ਅਤੇ ਪਸ਼ੂ ਫੀਡ ਪਲਾਂਟ ਦੇ ਖੇਤਰਾਂ ਵਿੱਚ ਮੌਜੂਦਾ ਇਕਾਈਆਂ ਨੂੰ ਵਧਾਉਣ ਜਾਂ ਨਵੀਂਆਂ ਇਕਾਈਆਂ ਸਥਾਪਿਤ ਕਰਨ ਲਈ ਯੋਜਨਾ ਦਾ ਫਾਇਦਾ ਲੈ ਸਕਦੀਆਂ ਹਨ।

ਉਪਲਬਧ ਫਾਇਦੇ ਹਨ:

- ਕਰਜ਼ੇ ਉੱਤੇ 3% ਵਿਆਜ ਦੀ ਛੂਟ
- 6 ਸਾਲਾ ਮੁੜ ਅਦਾਇਗੀ ਸਮੇਂ ਦੇ ਨਾਲ 2 ਸਾਲ ਛੂਟ ਦੀ ਮੁਹਲਤ
- 750 ਕਰੋੜ ਰੁਪਏ ਦੀ ਕ੍ਰੈਡਿਟ ਗਰੰਟੀ

ਭਾਰਤ ਦੁਨੀਆ ਸਭ ਤੋਂ ਵੱਡਾ ਦੁੱਧ ਪੈਦਾ ਕਰਨ ਵਾਲਾ ਦੇਸ਼ ਹੈ ਜਿਸ ਦਾ ਵਿਸ਼ਵ ਉਤਪਾਦਨ ਵਿੱਚ 23% ਯੋਗਦਾਨ ਹੈ। ਪਿਛਲੇ 5 ਸਾਲਾਂ ਤੋਂ ਦੇਸ਼ ਦੇ ਸਲਾਨਾ ਦੁੱਧ ਉਤਪਾਦਨ ਵਿੱਚ 6.4% (ਸੀ ਏ ਜੀ ਆਰ) ਦਾ ਵਾਧਾ ਹੋਇਆ ਹੈ। ਆਪਣੀ ਸਮਾਜਿਕ-ਆਰਥਿਕ ਮਹੱਤਤਾ ਕਰਕੇ ਡੇਅਰੀ ਖੇਤਰ, ਭਾਰਤ ਸਰਕਾਰ ਲਈ ਇੱਕ ਉੱਚ ਤਰਜੀਹ ਵਾਲਾ ਖੇਤਰ ਹੈ। ਦੇਸ਼ ਦੇ ਅਰਥਚਾਰੇ ਵਿੱਚ 5% ਦਾ ਯੋਗਦਾਨ ਪਾਉਣ ਵਾਲਾ ਇਹ ਇੱਕ ਸਭ ਤੋਂ ਵੱਡਾ ਖੇਤੀਬਾੜੀ ਉਤਪਾਦ ਹੈ ਅਤੇ ਸਿੱਧੇ ਤੌਰ ਤੇ 8 ਕਰੋੜ ਤੋਂ ਵੱਧ ਕਿਸਾਨਾਂ ਨੂੰ ਰੁਜ਼ਗਾਰ ਦਿੰਦਾ ਹੈ।

ਪਸ਼ੂ ਪਾਲਣ ਅਤੇ ਡੇਅਰੀ ਵਿਭਾਗ, ਡੇਅਰੀ ਖੇਤਰ ਵਿੱਚ ਨਿਵੇਸ਼ ਕਰਨ ਵਿੱਚ ਦਿਲਚਸਪੀ ਰੱਖਣ ਵਾਲੀਆਂ ਸਾਰੀਆਂ ਨਿਜੀ ਕੰਪਨੀਆਂ, ਉੱਦਮੀਆਂ ਅਤੇ ਸਟਾਰਟਅੱਪਸ ਨੂੰ ਸੱਦਾ ਦਿੰਦਾ ਹੈ ਕਿ ਉਹ ਡੇਅਰੀ ਨਿਵੇਸ਼ ਐਕਸਲੇਰੇਟਰ ਨਾਲ **dairy-accelerator@lsmgr.nic.in** ਈ-ਮੇਲ 'ਤੇ ਸੰਪਰਕ ਕਰਨ।